# ਕਲਾਸੀਕਲ ਤੇ ਮੱਧਕਾਲੀ ਸਾਹਿਤ 'ਚ ਯੋਗਦਾਨ ਲਈ ਲੇਖਕਾਂ ਦਾ ਸਨਮਾਨ

**ਭਾਸ਼ਾ ਪ੍ਰੇਮੀਆਂ ਨੂੰ ਆਪਣੀ ਮਾਂ ਬੋਲੀ ਬਚਾਉਣ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ**

**ਪੱਤਰ ਪ੍ਰੇਰਕ**

**ਨਵੀਂ ਦਿੱਲੀ, 13 ਮਾਰਚ**

ਸਾਹਿਤ ਅਕੈਡਮੀ ਵੱਲੋਂ ਸਾਲ 2019, 2020 ਅਤੇ 2022 ਵਿੱਚ ਉੱਤਰ, ਦੱਖਣ, ਪੂਰਬ ਤੇ ਪੱਛਮ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਭਾਸ਼ਾਵਾਂ ਵਿੱਚ ਕਲਾਸੀਕਲ ਅਤੇ ਮੱਧਕਾਲੀ ਸਾਹਿਤ ਦੇ ਖੇਤਰ ਕੰਮ ਕਰਨ ਲਈ ਪ੍ਰੋ. ਦਯਾਨੰਦ ਭਾਰਗਵ, ਡਾ. ਸਯੋਂਦਰ ਨਾਰਾਇਣ ਗੋਸਵਾਮੀ, ਡਾ. ਮੁਹੰਮਦ ਆਜ਼ਮ ਅਤੇ ਪ੍ਰੋ. ਉਦੈ ਨਾਥ ਝਾਅ ਨੂੰ ਭਾਸ਼ਾ ਸਨਮਾਨ ਦਿੱਤਾ ਗਿਆ। ਇਸ ਦੌਰਾਨ ਭੋਜਪੁਰੀ ਭਾਸ਼ਾ (ਸਾਂਝੇ) ਲਈ ਡਾ. ਅਸ਼ੋਕ ਦਿਵੇਦੀ ਅਤੇ ਤਿਵਾ ਭਾਸ਼ਾ ਲਈ ਸ੍ਰੀ ਹਾਰਸਿੰਗ ਖੁੱਲਰ ਨੂੰ ਵੀ ਭਾਸ਼ਾ ਸਨਮਾਨ ਭੇਟ ਕੀਤਾ ਗਿਆ। ਸਾਹਿਤ ਅਕਾਦਮੀ ਦੇ ਸਕੱਤਰ ਡਾ. ਕੇ. ਸ਼੍ਰੀਨਿਵਾਸਰਾਓ ਨੇ ਸਭ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਜਦਕਿ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸਾਰੇ ਭਾਸ਼ਾ ਪ੍ਰੇਮੀਆਂ ਨੂੰ ਆਪਣੀ ਮਾਂ ਬੋਲੀ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ। ਸਾਹਿਤ ਅਕਾਦਮੀ ਦੇ ਉਪ ਪ੍ਰਧਾਨ ਪ੍ਰੋ. ਕੁਮੁਦ ਸ਼ਰਮਾ ਨੇ ਸਮਾਪਤੀ ਭਾਸ਼ਣ ਵਿੱਚ ਭਾਰਤੀ ਸਮਾਜ ਅਤੇ ਸੱਭਿਆਚਾਰ ਦੀ ਉੱਨਤੀ ਲਈ ਸਾਰੇ ਭਾਸ਼ਾ ਸਨਮਾਨ ਐਵਾਰਡੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਦੌਰਾਨ ਭਾਸ਼ਾ ਸਨਮਾਨ ਐਵਾਰਡੀ ਡਾ. ਏ. ਦਕਸ਼ਿਣਾਮੂਰਤੀ ਅਤੇ ਅਨਿਲ ਕੁਮਾਰ ਓਝਾ ਆਪਣੀ ਬਿਮਾਰੀ ਕਾਰਨ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ।

ਜ਼ਿਕਰਯੋਗ ਹੈ ਕਿ ਭਾਸ਼ਾ ਸਨਮਾਨ ਹਰ ਸਾਲ ਦੋ ਸ਼੍ਰੇਣੀਆਂ ਵਿੱਚ ਦਿੱਤਾ ਜਾਂਦਾ ਹੈ। ਇਸ ਦੌਰਾਨ ਦੋ ਲੇਖਕਾਂ/ਵਿਦਵਾਨਾਂ ਨੂੰ ਸ਼ਾਸਤਰੀ ਅਤੇ ਮੱਧਕਾਲੀ ਸਾਹਿਤ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਅਤੇ ਚਾਰ ਵਿਦਵਾਨਾਂ/ਲੇਖਕਾਂ ਨੂੰ ਸਾਹਿਤ ਅਕਾਦਮੀ ਵੱਲੋਂ ਮਾਨਤਾ ਪ੍ਰਾਪਤ ਚਾਰ ਭਾਸ਼ਾਵਾਂ ਵਿੱਚ ਯੋਗਦਾਨ ਲਈ ਇਹ ਸਨਮਾਨ ਦਿੱਤੇ ਜਾਂਦੇ ਹਨ।